ਅਪ੍ਰੈਲ 25, 2020 (ਵਾਸ਼ਿੰਗਟਨ, D.C.) -- ਕੁਛ ਦਿਨ ਪਹਿਲਾਂ ਲਾਗੂ ਹੋਈ CARES Act's Paycheck Protection Program (PPP) ਨੂੰ ਸਪੋਰਟ ਕਰਨ ਲਈ ਸ਼ੁਕਰਵਾਰ ਨੂੰ ਪ੍ਰੈਸੀਡੈਂਟ ਟਰੰਪ ਨੇ ਇਕ ਹੋਰ ਬਾਈ ਪਾਰਟੀਸਨ (bipartisan) COVID-19 ਮਹਾਂਮਾਰੀ ਰਾਹਤ ਬਿਲ ਤੇ ਦਸਤਖ਼ਤ ਕਿੱਤੇ ਹਨ ਜਿਹਦੇ ਨਾਲ ਲਗਭਗ 320 ਬਿਲੀਅਨ ਡਾਲਰ ਹੋਰ ਮੁਹਈਆ ਹੋ ਸੱਕਣਗੇ। ਇਹ ਪੈਸੇ ਅਗਲੇ ਹਫ਼ਤੇ ਦੀ ਸ਼ੁਰੂਆਤ ਵਿਚ ਉਪਲੱਬਧ ਹੋਣਗੇ ਅਤੇ ਛੋਟੇ ਕਾਰੋਬਾਰਾਂ ਅਤੇ ਨਾਨ ਪ੍ਰੋਫਿਟ ਸੰਸਥਾਵਾਂ (ਜਿਵੇਂ ਕਿ ਗੁਰੂਦਵਾਰਿਆਂ) ਨੂੰ ਘੱਟ ਵਿਆਜ ਦਰਾਂ ਤੇ ਕਰਜ਼ੇ ਦੇਣ ਲਈ ਇਸ ਪੈਸੇ ਨੂੰ ਵਰਤੀਆ ਜਾਏਗਾ। ਇਸ ਬਿੱਲ ਵਿੱਚ ਹੋਰ 60 ਬਿਲੀਅਨ ਡਾਲਰ ਵੀ ਸ਼ਾਮਿਲ ਹਨ ਜਿਹਨਾਂ ਨੂੰ Economic Injury Disaster Loans (EIDL) ਲਈ ਵਰਤਿਆ ਜਾਏਗਾ।

ਪਹਿਲਾਂ ਵਾਲੇ PPP ਫੰਡ ਖ਼ਤਮ ਹੋਣ ਕਰਕੇ ਇਹ ਨਵੇਂ ਫੰਡ ਜਾਰੀ ਕਿੱਤੇ ਗਏ ਹਨ। ਪਹਿਲਾਂ ਵਾਲੇ ਪੈਸੇ ਮੁੱਕਣ ਕਰਕੇ ਕਾਫੀ ਛੋਟੇ ਕਾਰੋਬਾਰ ਅਤੇ ਨਾਨ ਪ੍ਰੋਫਿਟ ਸੰਸਥਾਵਾਂ ਨੂੰ ਕਿਸੇ ਕਿਸਮ ਦੀ ਸਹਾਇਤਾ ਨਹੀਂ ਮਿਲਿ ਸੀ। ਇਹਨਾਂ ਨਵੇਂ ਸਰਕਾਰੀ ਫੰਡਾਂ ਲਈ ਅਰਜ਼ੀ ਲਾਉਣ ਲਈ ਤੁਹਾਨੂੰ ਹੇਠਾਂ ਦੱਸੀਆਂ ਚੀਜ਼ਾਂ ਬਾਰੇ ਪਤਾ ਹੋਣਾ ਚਾਹੀਦਾ ਹੈ।

THE SIKHCOALITION
the voice of a people

**ਪੇ-ਚੈੱਕ ਪ੍ਰੋਟੈਕਸ਼ਨ ਪ੍ਰੋਗਰਾਮ (PAYCHECK PROTECTION PROGRAM) ਬਾਰੇ ਜਾਣਕਾਰੀ**

**ਅਰਜ਼ੀਆਂ ਜਮ੍ਹਾਂ ਕਰਨ ਲਈ**

PPP ਲਈ ਅਰਜ਼ੀਆਂ ਲਾਉਣ ਦੀ ਆਖਰੀ ਤਾਰੀਕ 30 ਜੂਨ, 2020 ਹੈ ਪਰ ਬਹੁਤ ਜ਼ਿਆਦਾ ਮੰਗ ਹੋਣ ਕਰਕੇ ਸੰਭਾਵਿਤ ਹੈ ਕਿ ਪੈਸੇ ਇਸ ਤਾਰੀਕ ਤੋਂ ਬਹੁਤ ਪਹਿਲਾਂ ਮੁੱਕ ਜਾਣਗੇ। ਇਸ ਲਈ ਅਸੀਂ ਸਲਾਹ ਦੇਂਦੇ ਹਾਂ ਕਿ ਤੁਸੀਂ ਹੁੰਨੇ ਹੀ ਇਸ ਮੁਆਫ਼ ਹੋਣ ਵਾਲੇ ਕਰਜ਼ ਲਈ ਆਪਣੀ ਅਰਜ਼ੀ ਜਮ੍ਹਾਂ ਕਰਵਾਉਣ ਦੀ ਤਿਆਰੀ ਕਰੋ। ਅਰਜ਼ੀਆਂ ਦੀ ਪਹਿਲਾਂ ਆਓ ਪਹਿਲਾਂ ਪਾਓ ਦੇ ਹਿਸਾਬ ਨਾਲ ਕਾਰਵਾਈ ਕਿੱਤੀ ਜਾਏਗੀ। ਜੇ ਤੁਸੀਂ PPP ਲਈ ਪਹਿਲਾਂ ਅਰਜ਼ੀ ਲਾ ਚੁੱਕੇ ਹੋ ਅਤੇ ਤੁਹਾਨੂੰ SBA E-Tran Servicing ਤੋਂ ਨੰਬਰ ਮਿਲਿਆ ਹੈ, ਫ਼ਿਰ ਤੁਹਾਨੂੰ ਦੁਬਾਰਾ ਅਰਜ਼ੀ ਲਾਉਣ ਦੀ ਲੋੜ ਨਹੀਂ ਕਿਉਂਕਿ ਤੁਸੀਂ ਪਹਿਲਾਂ ਹੀ ਕਤਾਰ ਵਿਚ ਹੋ। ਜਿਹਨਾਂ ਨੇ ਪਹਿਲਾਂ ਅਰਜ਼ੀ ਲਾਈ ਹੈ ਪਰ ਉਹਨਾਂ ਨੂੰ ਨਾਂ ਤਾਂ ਪੈਸੇ ਮਿੱਲੇ ਹਨ ਅਤੇ ਨਾਂ ਹੀ SBA E-Tran Servicing ਨੰਬਰ ਮਿਲਿਆ ਹੈ, ਉਹਨਾਂ ਨੂੰ ਆਪਣੇ Small Business Banker ਨਾਲ ਸੰਪਰਕ ਕਰ ਕੇ ਇਹ ਪੱਕਾ ਕਰਨਾ ਚਾਹੀਦਾ ਹੈ ਕਿ ਉਹਨਾਂ ਨੂੰ ਦੁਬਾਰਾ ਅਰਜ਼ੀ ਲਾਉਣ ਦੀ ਲੋੜ ਹੈ ਜਾਂ ਨਹੀਂ। ਇਸ ਤੋਂ ਇਲਾਵਾ ਉਹ ਕਿਸੇ ਹੋਰ ਬੈਂਕ ਜਾਂ ਕਰੈਡਿਟ ਯੂਨੀਅਨ ਤੇ ਜਾਕੇ ਨਵੀਂ ਅਰਜ਼ੀ ਲਾ ਸਕਦੇ ਹਨ।

**ਅਰਜ਼ੀ ਕੌਣ ਲਾ ਸਕਦਾ ਹੈ**

PPP ਲਈ ਅਰਜ਼ੀ ਲਾਉਣ ਲਈ ਸਿਰਫ ਉਹ ਛੋਟੇ ਕਾਰੋਬਾਰ ਜਾਂ ਨਾਨ- ਪ੍ਰੋਫਿਟ ਸੰਸਥਾਵਾਂ ਯੋਗ ਮੰਨਿਆਂ ਜਾਣ ਗਿਆਂ ਜਿਹਨਾਂ ਕੋਲ 500 ਤੋਂ ਘੱਟ ਕਰਮਚਾਰੀ ਹਨ। ਉਹਨਾਂ ਨੂੰ ਇਹ ਵੀ ਪ੍ਰਮਾਣਿਤ ਕਰਨਾ ਪਏਗਾ ਕਿ COVID-19 ਦੇ ਨਤੀਜੇ ਵਜੋਂ ਮੌਜੂਦਾ ਆਰਥਿਕ ਅਨਿਸ਼ਚਿਤਤਾ ਕਰਜ਼ੇ ਦੀ ਬੇਨਤੀ ਨੂੰ ਜ਼ਰੂਰੀ ਬਣਾ ਦਿੰਦੀ ਹੈ। PPP ਦੀ ਅਰਜ਼ੀ ਲਾਉਣ ਲਈ ਛੋਟੇ ਕਾਰੋਬਾਰ, ਨਾਨ- ਪ੍ਰੋਫਿਟ ਸੰਸਥਾਵਾਂ, ਸੈਲਫ਼ ਐਮਪਲੋਏਡ ਵਰਕਰ, ਇੰਡੀਪੈਂਡੈਂਟ ਕੰਟ੍ਰੈਕਟਰ, ਗਿਗ ਏਕੋਨੋਮੀ ਵਰਕਰ, ਫ੍ਰੈਂਚਾਇਸ ਮਾਲਕ ਅਤੇ ਸੋਲ ਪ੍ਰੋਪਰਾਈਟਰ ਯੋਗ ਮੰਨੇ ਜਾਂਦੇ ਹਨ।

ਨਾਨ- ਪ੍ਰੋਫਿਟ ਸੰਸਥਾਵਾਂ ਜਿਵੇਂ ਕਿ ਗੁਰਦੁਆਰੇ PPP ਲਈ SBA ਵਪਾਰਿਕ ਲੋਨ ਲੈਣ ਦੇ ਯੋਗ ਹਨ। ਸੰਸਥਾ ਦਾ 501(c)(3) ਰਜਿਸਟਰ ਹੋਣਾ ਜ਼ਰੂਰੀ ਹੈ। PPP ਲੋਨ ਦੇ ਯੋਗ ਹੋਣ ਲਈ ਸੰਸਥਾ ਨੂੰ IRS ਕੋਲ Tax Exempt Status ਦੀ ਅਰਜ਼ੀ ਲਾਉਣ ਦੀ ਲੋੜ ਨਹੀਂ ਹੈ। ਨਾਨ- ਪ੍ਰੋਫਿਟ ਸੰਸਥਾਵਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਵੱਧ ਤੋਂ ਵੱਧ ਰਕਮ (ਜਿਸਦੇ ਤੁਸੀਂ ਯੋਗ ਹੋ) ਦੇ ਲੋਨ ਲਈ ਅਰਜ਼ੀ ਲਾਉਣੀ ਚਾਹੀਦੀ ਹੈ ਕਿਉਂਕਿ PPP ਲੋਨ ਲਈ ਤੁਸੀਂ ਇੱਕ ਵਾਰ ਤੋਂ ਜ਼ਿਆਦਾ ਅਰਜ਼ੀ ਨਹੀਂ ਲਾ ਸਕਦੇ। ਗੁਰੂਦਵਾਰਿਆਂ ਅਤੇ ਦੂਜਿਆਂ ਧਾਰਮਿਕ ਸੰਸਥਾਵਾਂ ਲਈ ਉਪਲੱਭਧ PPP ਬਾਰੇ ਹੋਰ ਜਾਣਕਾਰੀ ਲੈਣ ਲਈ ਤੁਹਾਨੂੰ Small Business Administration ਦੇ ਆਮ ਤੌਰ ਤੇ ਪੁੱਛੇ ਗਏ ਸਵਾਲਾਂ ਬਾਰੇ ਪੜ੍ਹਨਾ ਚਾਹੀਦਾ ਹੈ।

ਨਾਨ- ਪ੍ਰੋਫਿਟ ਸੰਸਥਾਵਾਂ ਨੂੰ ਇਹ ਪੱਕਾ ਕਰਨਾ ਚਾਹੀਦਾ ਹੈ ਕਿ ਉਹ ਸਾਰੀਆਂ ਕਾਨੂੰਨੀ ਲੋੜਾਂ ਨੂੰ ਪੂਰਾ ਕਰਦੇ ਹਨ ਅਤੇ ਨਾਲ ਹੀ ਸੰਸਥਾ ਦੇ ਆਪਣੇ By Laws ਅਤੇ ਬਾਕੀ ਦੇ ਪ੍ਰਬੰਧਕ ਦਸਤਾਵੇਜ਼ਾਂ ਦੀ ਲੋੜਾਂ ਵੀ ਪੂਰੀਆਂ ਕਰਦੇ ਹਨ। ਨਾਨ-ਪ੍ਰੋਫਿਟ ਸੰਸਥਾ ਦੇ ਪ੍ਰਬੰਧਕ ਬੋਰਡ ਜਾਂ ਕਮੇਟੀ ਨੂੰ ਲੋਨ ਦੀ ਅਰਜ਼ੀ ਲਾਉਣ ਤੋਂ ਪਹਿਲਾਂ ਜਾਂ ਲੋਨ ਦੀ ਰਕਮ ਵਸੂਲਣ ਤੋਂ ਪਹਿਲਾਂ ਲੋਨ ਲਈ ਆਪਣੀ ਮਨਜ਼ੂਰੀ ਦੇਣੀ ਚਾਹੀਦੀ ਹੈ। ਜਿਸ ਕਿਸੀ ਸੰਸਥਾ ਦਾ ਪਹਿਲਾਂ ਤੋਂ ਕੋਈ ਲੋਨ ਚੱਲ ਰਹਿਆ ਹੋਵੇ, ਉਹਨਾਂ ਨੂੰ ਆਪਣੇ ਦਸਤਾਵੇਜ਼ਾਂ ਨੂੰ ਪਰਖਣਾ ਚਾਹੀਦਾ ਹੈ ਕਿ ਉਹਨਾਂ ਤੇ ਹੋਰ ਕਰਜ਼ ਲੈਣ ਤੇ ਕਿਸੇ ਕਿਸਮ ਦੀ ਰੋਕ ਤਾਂ ਨਹੀਂ। ਜੇ ਕਿਸੇ ਕਿਸਮ ਦੀ ਰੋਕ ਹੈ ਤਾਂ ਉਹਨਾਂ ਨੂੰ ਲੋਨ ਲੈਣ ਤੋਂ ਪਹਿਲਾਂ Third Party Consent ਦੀ ਲੋਡ ਪੈ ਸਕਦੀ ਹੈ।

**ਅਰਜ਼ੀ ਲਾਉਣ ਦੀ ਤਿਆਰੀ**

ਇਹ ਪੱਕਾ ਕਰੋ ਕਿ ਤੁਹਾਡਾ ਕਾਰੋਬਾਰ ਜਾਂ ਗੁਰੂਦਵਾਰਾ ਅਰਜ਼ੀ ਲਾਉਣ ਲਈ ਤਿਆਰ ਹੈ ਅਤੇ ਪੱਕਾ ਕਰੋ ਕਿ ਤੁਹਾਡਾ ਬੈਂਕ ਲੋਨ ਦੀਆਂ ਅਰਜ਼ੀਆਂ ਸਵੀਕਾਰ ਰਹਿਆ ਹੈ।

**ਇਹ ਪੱਕਾ ਕਰਨ ਲਈ ਕਿ ਤੁਹਾਡਾ ਬੈਂਕ PPP ਲੋਨ ਦੀਆਂ ਅਰਜ਼ੀਆਂ ਸਵੀਕਾਰ ਰਹਿਆ ਹੈ ਜਾਂ ਨਹੀਂ ਕਿਰਪਾ ਕਰ ਕੇ ਇਥੇ ਕਲਿੱਕ ਕਰੋ।** ਜੇ ਨਹੀਂ ਤਾਂ ਫ਼ਿਰ ਤੁਹਾਨੂੰ ਕਿੱਸੇ ਹੋਰ ਬੈਂਕ ਨਾਲ ਖਾਤਾ ਖੋਲ੍ਹਣਾ ਪੈ ਸਕਦਾ ਹੈ। ਕੁਛ ਬੈਂਕ ਹੋਰ ਕਿਸਮ ਦੀਆਂ ਸੀਮਾਵਾਂ ਲਾ ਸਕਦੇ ਹਨ ਜਿਵੇਂ ਕਿ ਸਿਰਫ਼ ਉਹਨਾਂ ਦੀਆਂ ਅਰਜ਼ੀਆਂ ਤੇ ਕਾਰਵਾਈ ਕਰਨੀ ਜਿਹਨਾਂ ਦੀ ਬੈਂਕ ਵਿਚ ਕਰੈਡਿਟ ਲਾਈਨ ਚਲਦੀ ਹੈ ਜਾਂ ਫਿਰ ਸਿਰਫ਼ ਇਕ ਤਹਿ ਰਕਮ ਤੋਂ ਵੱਧ ਵਾਲਿਆਂ ਅਰਜ਼ੀਆਂ ਤੇ ਕਾਰਵਾਈ ਕਰਨਾ। ਕਰੈਡਿਟ ਯੂਨੀਅਨ ਅਤੇ ਕਮਿਊਨਟੀ ਬੈਂਕ ਤੁਹਾਨੂੰ ਜ਼ਿਆਦਾ ਵਧੀਆ ਢੰਗ ਨਾਲ ਮਦਦ ਮੁਹਈਆ ਕਰਵਾ ਸਕਦੇ ਹਨ ਕਿਉਂਕਿ ਵੱਡਿਆਂ ਬੈਂਕਾਂ ਕੋਲ ਜ਼ਿਆਦਾ ਰਸ਼ ਹੋ ਸਕਦਾ ਹੈ।

ਹਾਲਾਂਕਿ PPP ਦੀ ਅਰਜ਼ੀ ਬਹੁਤ ਛੋਟੀ ਹੈ, ਹੋ ਸਕਦਾ ਹੈ ਕਿ ਬੈਂਕ ਹੋਰ ਜਾਣਕਾਰੀ ਦੀ ਮੰਗ ਕਰਨ ਅਤੇ ਹਰ ਬੈਂਕ ਦਾ ਕੰਮ ਕਰਨ ਦਾ ਤਰੀਕਾ ਵੀ ਵੱਖ ਹੋ ਸਕਦਾ ਹੈ। ਬੈਂਕਾਂ ਨੂੰ ਕੁਝ ਖ਼ਾਸ ਦਸਤਾਵੇਜ਼ਾਂ ਦੀ ਲੋਡ ਪੈ ਸਕਦੀ ਹੈ ਜਿਵੇਂ ਕਿ ਪ੍ਰਬੰਧਕ ਦਸਤਾਵੇਜ਼, ਟੈਕਸ ਰਿਟਰਨ, ਵਿਤੀ ਸਟੇਟਮੈਂਟ, ਪੇ-ਰੋਲ ਦੇ ਸਬੂਤ ਵਗੈਰਾਹ। **ਲੋਨ ਦੀ ਅਰਜ਼ੀ ਲਈ ਤੁਹਾਨੂੰ ਕਿਹੜੇ ਦਸਤਾਵੇਜ਼ਾਂ ਦੀ ਲੋਡ ਪੈ ਸਕਦੀ ਹੈ, ਇਹ ਜਾਨਣ ਲਈ ਕਿਰਪਾ ਕਰ ਕੇ ਇਥੇ ਕਲਿੱਕ ਕਰੋ।**

**ਲੋਨ ਦੀਆਂ ਸ਼ਰਤਾਂ**

ਲੋਨ ਦੀ ਸੀਮਾਂ 10 ਮਿਲੀਅਨ ਡਾਲਰ ਜਾਂ ਫਿਰ ਤੁਹਾਡੇ ਔਸਤਨ ਮਹੀਨੇ ਦੇ ਪੇ-ਰੋਲ ਦਾ 2.5 ਗੁਨਾ (ਜੋ ਵੀ ਘੱਟ ਹੋਵੇ) ਤੱਕ ਹੈ। ਜੇ ਤੁਸੀਂ ਲੋਨ ਦੀਆਂ ਸ਼ਰਤਾਂ ਨੂੰ ਸਹੀ ਢੰਗ ਨਾਲ ਪੂਰਾ ਕਰਦੇ ਹੋ ਤਾਂ ਤੁਹਾਡੇ ਸਾਰਾ ਲੋਨ ਮੁਆਫ਼ ਵੀ ਹੋ ਸਕਦਾ

ਹੈ। ਕੁਝ ਸੀਮਿਤ ਹਾਲਾਤਾਂ ਵਿਚ, ਕਾਰੋਬਾਰ ਉਹਨਾਂ ਕਰਮਚਾਰੀਆਂ ਦੀ ਤਨਖਾਹ ਨਹੀਂ ਗਿਣ ਸਕਦੇ ਜਿਹਨਾਂ ਨੂੰ ਸਾਲ ਦੇ $100,000 ਤੋਂ ਵੱਧ ਦਿੱਤੇ ਜਾਂਦੇ ਹਨ ਜਾਂ ਉਹ ਕਰਮਚਾਰੀ ਜੋ ਅਮਰੀਕਾ ਤੋਂ ਬਾਹਰ ਰਹਿੰਦੇ ਹਨ।

ਲੋਨ ਲਈ ਤੁਹਾਨੂੰ ਕੁਛ ਗਿਰਵੀ ਰੱਖਣ ਦੀ ਲੋਡ ਨਹੀਂ ਹੈ ਅਤੇ ਨਾਂ ਹੀ ਕਿਸੇ ਕਿਸਮ ਦੀ ਗਰੰਟੀ ਦੀ ਲੋਡ ਹੈ। ਲੋਨ ਦੀ ਮਿਆਦ 2 ਸਾਲ ਹੈ ਅਤੇ ਫਿਕ੍ਸ੍ਡ ਵਿਆਜ ਦੀ ਦਰ 0.5% ਸਾਲਾਨਾ ਹੈ। ਮੁਖ ਰਕਮ, ਵਿਆਜ, ਅਤੇ ਫੀਸ ਦੀ ਵਾਪਸੀ ਨੂੰ ਘੱਟੋ ਘਟ 6 ਮਹੀਨੇ ਤੱਕ ਮੁਲਤਵੀ ਕਿੱਤਾ ਜਾ ਸਕਦਾ ਹੈ। ਹਾਲਾਂਕਿ ਇਸ ਦੌਰਾਨ ਵਿਆਜ ਜੁੜਦਾ ਰਹੇਗਾ। ਮੁਖ ਰਕਮ ਦੀ ਵਾਪਸੀ 2 ਸਾਲਾਂ ਬਾਅਦ ਸ਼ੁਰੂ ਹੋਏਗੀ, ਅਤੇ ਪਹਿਲਾਂ ਵਾਪਸੀ ਕਰਨ ਤੇ ਕਿਸੇ ਕਿਸਮ ਦੀ ਪੈਨਲਟੀ ਨਹੀਂ ਲਗੇਗੀ।

**ਲੋਨ ਕਿਵੇਂ ਮੁਆਫ਼ ਹੋਏਗਾ?**

ਬੇਨਤੀਕਰਤਾ ਨੂੰ ਆਪਣੇ ਕਰਜ਼ਦਾਨ ਕੋਲ ਇਕ ਅਰਜ਼ੀ ਲਾਉਣੀ ਪਏਗੀ ਜਿਸਦੇ ਉਪਰੰਤ 60 ਦਿਨਾਂ ਵਿਚ ਤੁਹਾਨੂੰ ਫ਼ੈਸਲਾ ਦਿੱਤਾ ਜਾਏਗਾ। ਸਫ਼ਲ ਹੋਣ ਤੇ ਸਿਰਫ ਤੁਹਾਡੀ ਮੁਖ ਰਕਮ ਹੀ ਮੁਆਫ਼ ਕਿੱਤੀ ਜਾਏਗੀ। PPP ਲੋਨ ਮੁਆਫ ਹੋ ਸਕਦਾ ਹੈ ਜੇ ਤੁਸੀਂ ਹੇਠਾਂ ਦੱਸੀਆਂ ਚੀਜ਼ਾਂ ਦਾ ਭੁਗਤਾਨ ਕਰਨ ਲਈ ਕਰਦੇ ਹੋ: 8 ਹਫਤੇ ਲਈ ਪੇ-ਰੋਲ ਜਿਸ ਵਿਚ ਸਿਕ ਲੀਵ ਵੀ ਸ਼ਾਮਲ ਹੈ ਦਾ ਭੁਗਤਾਨ ਕਰਨ ਲਈ ਕਰਦੇ ਹੋ, ਆਪਣੇ ਕੰਮ ਦੀ ਥਾਂ ਦਾ ਕਿਰਾਇਆ ਦੇਣ ਲਈ, ਮੋਰਟਗੇਜ ਦਾ ਵਿਆਜ ਭਰਨ ਲਈ, ਯੁਟਿਲਿਟੀ (ਗੈਸ, ਬਿਜਲਿ, ਪਾਣੀ, ਵਗੈਰਾਹ) ਦੇ ਬਿਲ ਭਰਨ ਲਈ, ਹੈਲਥ ਇਨਸ਼ੂਰੈਂਸ, ਰਿਟਾਇਰਮੈਂਟ ਬੈਨੇਫਿਟ ਅਤੇ ਕਿਸੇ ਹੋਰ ਕਰਜ਼ ਦੇ ਵਿਆਜ ਦੇ ਭੁਗਤਾਨ ਲਈ।

ਲੋਨ ਦੀ ਵਾਪਸੀ ਦੀ ਮੁਆਫੀ ਇਸ ਗੱਲ ਤੇ ਨਿਰਭਰ ਕਰਦੀ ਹੈ ਕਿ ਮਾਲਕ ਨੇ ਓਹਨੇ ਹੀ ਕਰਮਚਾਰੀ ਰੱਖੇ ਹੋਣ ਜਿੰਨੇ ਮਹਾਂਮਾਰੀ ਤੋਂ ਪਹਿਲਾਂ ਸਨ ਅਤੇ ਉਹਨਾਂ ਦੀਆਂ ਤੰਖਾਵਾਂ ਵੀ ਓਹਣੀਆਂ ਹੀ ਰੱਖੀਆਂ ਹਨ। ਮੁਆਫੀ ਦਾ ਦਰ ਘੱਟ ਜਾਵੇਗਾ ਜੇ ਫੁੱਲ ਟਾਈਮ ਕਰਮਚਾਰੀਆਂ ਦੀ ਗਿਣਤੀ ਵਿਚ ਘਾਟਾ ਆਂਦਾ ਹੈ, ਜਾਂ ਉਹਨਾਂ ਦੀਆਂ ਤੰਖਾਵਾ ਘੱਟਦੀਆਂ ਹਨ। ਇਸ ਦੇ ਨਾਲ ਨਾਲ ਮੁਆਫੀ ਵਿਚ ਤੰਖਾਵਾਂ ਦੇ ਭੁਗਤਾਨ ਤੋਂ ਇਲਾਵਾ ਦੂੱਜੇ ਖਰਚਿਆਂ ਲਈ ਵਰਤੇ ਪੈਸਿਆਂ ਲਈ ਲੋਨ ਦਾ ਸਿਰਫ 25% ਹਿੱਸਾ ਹੀ ਛਡਿਆ ਜਾਏਗਾ।

**ਕਿ ਮੈਂ ਹੁਣ ਵੀ ਇਕੋਨਾਮਿਕ ਇੰਜੁਰੀ ਡਿਸਆਸਟਰ ਲੋਨ ਪ੍ਰੋਗਰਾਮ (EIDL) ਲਈ ਅਰਜ਼ੀ ਲਾ ਸਕਦਾ ਹਾਂ?**

ਇਹਨਾਂ ਨਵੇਂ ਪੈਸਿਆਂ ਕਰਕੇ ਹੁਣ ਕਾਰੋਬਾਰ ਅਤੇ ਨਾਨ ਪ੍ਰੋਫਿਟ ਸੰਸਥਾਵਾਂ ਵੀ EIDL ਲਈ ਅਰਜ਼ੀ ਲਾ ਸਕਦੇ ਹਨ ਜੋ ਕਿ ਫਿਲਹਾਲ ਮੰਦੀ ਵਿਚੋਂ ਨਿੱਕਲ ਰਹੇ ਹਨ। ਇਸਦੇ ਲਈ ਵੀ ਪਹਿਲਾਂ ਆਓ ਪਹਿਲਾਂ ਪਾਓ ਦੇ ਹਿਸਾਬ ਨਾਲ ਹੀ ਅਰਜ਼ੀਆਂ ਤੇ ਕਾਰਵਾਈ ਕਿੱਤੀ ਜਾਵੇਗੀ। ਇਸ ਪ੍ਰੋਗਰਾਮ ਲਈ ਸਿਰਫ਼ ਉਹ ਛੋਟੇ ਕਾਰੋਬਾਰ ਜਾਂ ਨਾਨ- ਪ੍ਰੋਫਿਟ ਸੰਸਥਾਵਾਂ ਯੋਗ ਮੰਨਿਆਂ ਜਾਣ ਗਿਆਂ ਜਿਹਨਾਂ ਕੋਲ 500 ਤੋਂ ਘੱਟ ਕਰਮਚਾਰੀ (ਜਿਵੇਂ ਕਿ ਸੈਲਫ਼ ਐਮਪਲੋਏਡ ਵਰਕਰ, ਇੰਡੀਪੈਂਡੈਂਟ ਕੰਟ੍ਰੈਕਟਰ, ਸੋਲ ਪ੍ਰੋਪਰਾਈਟਰ) ਕੰਮ ਕਰਦੇ ਹਨ, ਪ੍ਰਾਈਵੇਟ ਨਾਨ- ਪ੍ਰੋਫਿਟ ਸੰਸਥਾਵਾਂ। PPP ਦੀ ਤਰਾਂਹ ਇਹ ਲੋਨ ਮੁਆਫ਼ ਨਹੀਂ ਕਿੱਤਾ ਜਾਏਗਾ ਅਤੇ ਤੁਹਾਡੀ ਸੰਸਥਾ ਦੇ ਕਰਜ਼ ਨੂੰ ਹੋਰ ਵਧਾ ਦਵੇਗਾ।

ਇਸ ਲੋਨ ਵਿਚ ਤੁਸੀਂ ਵੱਧ ਤੋਂ ਵੱਧ 2 ਮਿਲੀਅਨ ਡਾਲਰ ਤੱਕ ਲੈ ਸਕਦੇ ਹੋ। ਕਾਰੋਬਾਰਾਂ ਲਈ ਇਸਦੀ ਵਿਆਜ ਦਰ 3.75% ਹੋਏਗੀ ਅਤੇ ਨਾਨ ਪ੍ਰੋਫਿਟ ਸੰਸਥਾਵਾਂ ਲਈ 2.75% ਅਤੇ ਇਸਦੀ ਮਿਆਦ ਵੱਧ ਤੋਂ ਵੱਧ 30 ਸਾਲਾਂ ਤੱਕ ਹੋ ਸਕਦੀ ਹੈ। ਵਾਪਸੀ ਲਈ ਭੁਗਤਾਨ ਨੂੰ ਇਕ ਸਾਲ ਤੱਕ ਮੁਲਤਵੀ ਕਿੱਤਾ ਜਾ ਸਕਦਾ ਹੈ ਅਤੇ $200,000 ਡਾਲਰ ਤੱਕ ਦਾ ਲੋਨ ਬਿੰਨਾਂ ਕਿਸੀ ਗਰੰਟੀ ਦੇ ਲਿਆ ਜਾ ਸਕਦਾ ਹੈ। $25,000 ਡਾਲਰ ਜਾਂ ਉਸ ਤੋਂ ਘੱਟ ਰਕਮ ਦੇ ਲੋਨ ਲਈ ਕਿਸੇ ਚੀਜ਼ ਨੂੰ ਗਿਰਵੀ ਰੱਖਣ ਦੀ ਲੋਡ ਵੀ ਨਹੀਂ।

**EIDL ਲੋਨ ਦੀ ਅਰਜ਼ੀ ਲਈ ਕਿ ਚਾਹੀਦਾ ਹੈ, ਚੈੱਕ ਕਰਨ ਲਈ ਇਥੇ ਕਲਿੱਕ ਕਰੋ।**

ਜਿਹਨਾਂ ਕਾਰੋਬਾਰਾਂ ਕੋਲ ਘੱਟੋ ਘੱਟ 10 ਕਰਮਚਾਰੀ ਕੰਮ ਕਰਦੇ ਹਨ ਉਹਨਾਂ ਨੂੰ $10,000 ਅਡਵਾਂਸ ਫੰਡ ਮੁਹਈਆ ਕਰਵਾਏ ਜਾਣਗੇ ਅਤੇ ਛੋਟੇ ਕਾਰੋਬਾਰਾਂ ਨੂੰ $1,000 ਪ੍ਰਤੀ ਕਰਮਚਾਰੀ ਅਰਜ਼ੀ ਲਾਉਣ ਦੇ 3 ਦਿਨਾਂ ਦੇ ਵਿਚ ਮਿਲ ਸਕਦਾ ਹੈ। ਇਸ ਅਡਵਾਂਸ ਨੂੰ ਵਾਪਿਸ ਨਹੀਂ ਦੇਣਾ ਪਵੇਗਾ। ਅਡਵਾਂਸ ਲੈਣ ਲਈ ਮਨਜ਼ੂਰਸ਼ੁਦਾ EIDL ਦੀ ਅਰਜ਼ੀ ਹੋਣਾ ਜ਼ਰੂਰੀ ਨਹੀਂ ਹੈ (ਹਾਲਾਂਕਿ ਜੇ ਤੁਹਾਂਨੂੰ PPP ਲੋਨ ਮਿੱਲ ਜਾਂਦਾ ਹੈ, ਫਿਰ ਅਡਵਾਂਸ ਦੀ ਰਕਮ ਨੂੰ ਮੁਆਫ ਹੋਣ ਵਾਲੀ ਰਕਮ ਵਿਚੋਂ ਘੱਟਾ ਦਿੱਤਾ ਜਾਵੇਗਾ)।

## ਫੰਡ ਲੈਣ ਦੇ ਹੋਰ ਮੌਕੇ

ਹੋ ਸਕਦਾ ਹੈ ਕਿ ਸਟੇਟ ਅਤੇ ਸ਼ਹਿਰ ਆਪਣੇ ਤੌਰ ਤੇ ਕਾਰੋਬਾਰਾਂ ਨੂੰ ਹੋਰ ਵਿਤੀ ਮਦਦ ਵੀ ਮੁਹਈਆ ਕਰਵਾਉਣ।

**ਜੇ ਤੁਸੀਂ ਵੇਖਣਾ ਚਾਹੁੰਦੇ ਹੋ ਕਿ ਤੁਹਾਡੀ ਸਟੇਟ ਨੇ ਕੋਈ ਹੋਰ ਲੋਨ, ਗਰਾਂਟ, ਜਾਂ ਫੰਡ ਮੁਹਈਆ ਕਰਵਾਏ ਹਨ ਤਾਂ ਕਿਰਪਾ ਕਰ ਕੇ ਇਥੇ ਕਲਿਕ ਕਰੋ।**

ਜੇ ਤੁਸੀਂ ਆਪਣੇ ਕਾਰੋਬਾਰ ਜਾਂ ਨਾਨ ਪ੍ਰੋਫਿਟ ਸੰਸਥਾ ਲਈ ਉਪਲੱਬਧ ਵਿਤੀ ਮਦਦ ਬਾਰੇ ਹੋਰ ਜਾਣਕਾਰੀ ਲੈਣਾ ਚਾਹੁੰਦੇ ਹੋ ਤਾਂ ਤੁਸੀਂ Small Business Association ਦੇ ਜ਼ਰੀਏ local assistance partner ਦੀ ਖੋਜ ਕਰ ਸਕਦੇ ਹੋ। ਇਹ ਪਾਰਟਨਰ ਤੁਹਾਨੂੰ ਫੈਡਰਲ, ਸਟੇਟ ਅਤੇ ਲੋਕਲ ਅੱਸਿਸਟੈਂਸ ਬਾਰੇ ਹੋਰ ਜਾਣਕਾਰੀ ਦੇ ਸਕਦੇ ਹਨ।

ਜਿਵੇਂ ਜਿਵੇਂ ਫੈਡਰਲ ਸਰਕਾਰ ਹੋਰ ਮਦਦ ਉਪਲੱਬਧ ਕਰਵਾਉਂਦੀ ਹੈ ਜੋ ਕਿ ਲੋਕਾਂ ਅਤੇ ਕਾਰੋਬਾਰਾਂ ਨੂੰ ਮਦਦ ਪਹੁੰਚਾ ਸਕਦੀ ਹੈ, ਸਿੱਖ ਕੋਲਿਸ਼ਨ ਤੁਹਾਨੂੰ ਉਸ ਬਾਰੇ ਜਾਣਕਾਰੀ ਦੇਂਦੀ ਰਹੇਗੀ।

ਹਮੇਸ਼ਾ ਦੀ ਤਰਾਹ ਅਸੀਂ ਤੁਹਾਨੂੰ ਤਾਕੀਦ ਕਰਦੇ ਹਾਂ ਕਿ ਤੁਸੀਂ ਆਪਣੇ ਧਰਮ ਦਾ ਅਭਿਆਸ ਨਿਡਰ ਹੋਕੇ ਕਰੋ।